ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 3 | Issue 4 | Oct.-Dec. 2025

ISSN: 2583-9446 (O)
Paper Published Id: ARMN030416
Available online at: www.armaan.org.in
DOI: https://doi.org/10.64119/armaan.vol.3.issue4.16

# ਅਜਮੇਰ ਰੋਡੇ ਰਚਿਤ ਨਾਟਕ 'ਨਿਰਲੱਜ' ਦੀਆਂ ਨਾਟਕੀ ਸੰਚਾਰ ਜੁਗਤਾਂ ਦਾ ਅਧਿਐਨ

# Ajmer Rode Rachit Natak 'Nirlaj' Dian Natki Sanchar Jugtan Da Adhiyain

**ਅੰਮ੍ਰਿਤਪਾਲ ਕੌਰ (Amritpal Kaur)**
**ਸਹਾਇਕ ਪ੍ਰੋਫ਼ੈਸਰ, ਭਾਸ਼ਾਵਾਂ ਵਿਭਾਗ (Asst. Professor, Dept. of Languages)**
**ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਦਮਦਮਾ ਸਾਹਿਬ (ਪੰਜਾਬ)**
**Email ID:** sidhuamit104@gmail.com **ਮੋਬਾਈਲ:** +91-8699874171

**ਸਾਰ (Abstract)**

*'ਨਿਰਲੱਜ' ਅਜਮੇਰ ਰੋਡੇ ਦੁਆਰਾ ਰਚਿਤ ਲਿੰਗ ਚੋਣ ਨਾਲ ਸੰਬੰਧਿਤ ਨਾਟਕ ਹੈ। ਨਾਟਕ ਵਿੱਚ ਕੇਂਦਰੀ ਪਾਤਰ ਤੋਸ਼ੀ ਮਾਂ ਬਣਨ ਵਾਲੀ ਹੈ। ਤੋਸ਼ੀ ਦਾ ਪਤੀ ਹੈਰੀ ਪਹਿਲਾਂ ਇੱਕ ਬੇਟੀ ਹੋਣ ਕਾਰਨ ਇਸ ਵਾਰ ਮੁੰਡੇ ਦੀ ਚਾਹਤ ਰੱਖਦਾ ਹੈ। ਪੁੱਤਰ ਪ੍ਰਾਪਤੀ ਲਈ ਉਹ ਆਪਣੇ ਦੋਸਤਾਂ ਦੀ ਸਲਾਹ ਤੇ ਅੰਧ ਵਿਸ਼ਵਾਸ਼ ਦਾ ਸਹਾਰਾ ਲੈਂਦਾ ਹੈ ਅਤੇ ਫਿਰ ਲਿੰਗ ਟੈਸਟ ਕਰਵਾ ਕੇ ਗਰਭਪਾਤ ਕਰਵਾਉਣ ਦੀ ਕੋਸ਼ਿਸ਼ ਕਰਦਾ ਹੈ। ਪਰ ਤੋਸ਼ੀ ਗਰਭਪਾਤ ਨਹੀਂ ਕਰਵਾਉਣਾ ਚਾਹੁੰਦੀ। ਇਸ ਕਾਰਨ ਹੈਰੀ ਤੋਸ਼ੀ ਨੂੰ ਉਸਦੀ ਭੈਣ ਸੋਫੀ ਨਾਲ ਵਿਆਹ ਕਰਵਾਉਣ ਦੀ ਧਮਕੀ ਦਿੰਦਾ ਹੈ। ਸੋਫ਼ੀ ਆਪਣੀ ਭੈਣ ਦਾ ਘਰ ਬਚਾਉਣ ਲਈ ਜ਼ਹਿਰ ਖਾ ਜਾਂਦੀ ਹੈ।ਅੰਤ ਵਿੱਚ ਤੋਸ਼ੀ ਆਪਣੀ ਇਸ ਬੱਚੀ ਨੂੰ ਜਨਮ ਦੇਣ ਦਾ ਅੰਤਿਮ ਫੈਸਲਾ ਸੁਣਾਉਂਦੀ ਹੈ। ਨਿਰਲੱਜ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਪੇਸ਼ ਕਰਦਾ ਹੈ। ਅਜਮੇਰ ਰੋਡੇ ਨੇ ਨਾਟਕ ਰਚਨਾ ਸਮੇਂ ਕਨੇਡੀਅਨ ਪੰਜਾਬੀ ਰੰਗਮੰਚ ਦੀਆਂ ਸੀਮਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਵੱਖ ਵੱਖ ਨਾਟਕੀ ਸੰਚਾਰ ਜੁਗਤਾਂ ਦੀ ਵਰਤੋਂ ਕਰਕੇ ਸਮੱਸਿਆ ਪ੍ਰਧਾਨ ਨਾਟਕ ਦੀ ਰਚਨਾ ਕੀਤੀ ਹੈ।*

**ਕੀਵਰਡ (Keyword):** *ਅਜਮੇਰ ਰੋਡੇ, ਨਾਟਕ, ਨਿਰਲੱਜ, ਭਰੂਣ ਹੱਤਿਆ, ਕਨੇਡੀਅਨ, ਲਿੰਗ ਚੋਣ, ਸੰਚਾਰ ਜੁਗਤਾਂ।*

ਅਜਮੇਰ ਰੋਡੇ ਚਰਚਿਤ ਪਰਵਾਸੀ ਪੰਜਾਬੀ ਕਵੀ ਅਤੇ ਨਾਟਕਕਾਰ ਹੈ। ਕੈਨੇਡਾ ਦੇ ਪੰਜਾਬੀ ਰੰਗਮੰਚ ਦੇ ਇਤਿਹਾਸ ਵਿੱਚ ਲੇਖਕ ਅਤੇ ਨਿਰਦੇਸ਼ਕ ਵਜੋਂ ਉਸਦਾ ਖਾਸ ਸਥਾਨ ਹੈ। ਉਸ ਨੇ ਆਪਣੇ ਨਾਟਕ 'ਦੂਜਾ ਪਾਸਾ' (1981) ਰਾਹੀਂ ਕਨੇਡੀਅਨ ਪੰਜਾਬੀ ਨਾਟਕ ਦਾ ਮੁੱਢ ਬੰਨਿਆ। ਇਸ ਤੋਂ ਇਲਾਵਾ ਉਸ ਨੇ ਕਾਮਾਗਾਟਾਮਾਰੂ (1984), ਨਿਰਲੱਜ (2008), ਤੀਸਰੀ ਅੱਖ (2010), ਇੱਕ ਕੁੜੀ ਇੱਕ ਸੁਪਨਾ, ਸੁੱਖੇ ਦੀ ਮਹਿਕ (ਅਣ ਪ੍ਰਕਾਸ਼ਿਤ ) ਆਦਿ ਨਾਟਕ ਪਰਵਾਸੀ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਉਸਨੇ ਆਪਣੇ ਨਾਟਕਾਂ ਵਿੱਚ ਕੈਨੇਡਾ ਵਿੱਚ ਰਹਿੰਦੇ ਪਰਵਾਸੀ ਪੰਜਾਬੀ ਲੋਕਾਂ ਦੀਆਂ ਸਮਾਜਿਕ ਸਮੱਸਿਆਵਾਂ ਜਿਵੇਂ ਔਰਤਾਂ ਦੀ ਸਥਿਤੀ, ਨਸਲੀ ਵਿਤਕਰੇ, ਰਿਸ਼ਤਿਆਂ ਦੀ ਟੁੱਟ- ਭੱਜ ਆਦਿ ਨੂੰ ਪੇਸ਼ ਕੀਤਾ ਹੈ।

> *"ਉਸਦੀ ਸਾਹਿਤ ਸਿਰਜਣਾ ਭਾਵੇਂ ਪਰਵਾਸ ਵਿਚ ਰਹਿੰਦਿਆਂ ਉਥੋਂ ਦੇ ਸੰਦਰਭਾਂ ਕਾਰਣ ਜਨਮ ਲੈਂਦੀ ਹੈ ਪਰ ਉਸਦੇ ਸਰੋਕਾਰ ਪੰਜਾਬੀ ਸਮਾਜ ਅਤੇ ਸਭਿਆਚਾਰ ਦੇ ਅਜੋਕੇ ਸੰਦਰਭਾਂ ਨਾਲ ਵੀ ਪੂਰੀ ਤਰ੍ਹਾਂ ਸਮਾਨਤਾ ਦਰਸਾਉਂਦੇ ਹਨ। ਅਜਮੇਰ ਰੋਡੇ ਪਰਵਾਸੀ ਪੰਜਾਬੀਆਂ ਦੇ ਸੱਭਿਆਚਾਰਕ ਸੁਭਾ ਦੇ ਤਣਾਓ ਨੂੰ ਵਰਤਮਾਨ ਪਰਸਥਿਤੀਆਂ ਵਿੱਚ ਪਰਖਣ ਦਾ ਯਤਨ ਕਰਦਾ ਨਜ਼ਰ ਆਉਂਦਾ ਹੈ।"[1]*

'ਨਿਰਲੱਜ' (2008) ਕੈਨੇਡਾ ਵਿੱਚ 'ਲਿੰਗ ਚੋਣ' ਵਿਸ਼ੇ 'ਤੇ ਲਿਖਿਆ ਅਤੇ ਖੇਡਿਆ ਜਾਣ ਵਾਲਾ ਪਹਿਲਾ ਨਾਟਕ ਹੈ। ਯਥਾਰਥਵਾਦੀ ਸ਼ੈਲੀ ਵਿੱਚ ਲਿਖੇ ਇਸ ਸਮੱਸਿਆ ਪ੍ਰਧਾਨ ਨਾਟਕ ਦਾ ਕਥਾਨਕੀ ਕਾਰਜ ਤਿੰਨ ਅੰਕਾਂ ਤੇ ਨੌਂ ਝਾਕੀਆਂ ਵਿੱਚ ਵਾਪਰਦਾ ਹੈ। ਨਾਟਕ ਦੇ ਪਹਿਲੇ ਅੰਕ ਵਿੱਚ ਕੇਂਦਰੀ ਪਾਤਰ ਤੋਸ਼ੀ ਮਾਂ ਬਣਨ ਵਾਲੀ ਹੈ ਅਤੇ ਉਸਦਾ ਪਤੀ ਹੈਰੀ, ਪਹਿਲਾਂ ਇੱਕ ਬੇਟੀ (ਰੂਪੀ) ਹੋਣ ਕਰਕੇ, ਇਸ ਵਾਰ ਮੁੰਡੇ ਦੀ ਚਾਹਤ ਰੱਖਦਾ ਹੈ। ਪੁੱਤਰ ਪ੍ਰਾਪਤੀ ਲਈ ਉਹ ਪੰਡਿਤ ਤੋਂ ਧਾਗਾ ਬਣਵਾਉਂਦਾ ਹੈ ਅਤੇ ਕੁਦਰਤ ਦੇ ਨਿਯਮ ਵਿਰੁੱਧ ਜਾ ਕੇ ਲਿੰਗ ਚੋਣ ਟੈਸਟ ਕਰਵਾ ਕੇ ਬੱਚੀ ਨੂੰ ਕੁੱਖ 'ਚ ਮਾਰਨ ਦੀ ਸਾਜ਼ਿਸ਼ ਕਰਦਾ ਹੈ। ਤੋਸ਼ੀ ਅਬੋਰਸ਼ਨ ਲਈ ਨਹੀਂ ਮੰਨਦੀ ਤਾਂ ਹੈਰੀ ਤੋਸ਼ੀ ਨੂੰ ਸੋਫ਼ੀ (ਤੋਸ਼ੀ ਦੀ ਭੈਣ) ਨਾਲ ਵਿਆਹ ਕਰਵਾਉਣ ਦੀ ਧਮਕੀ ਦਿੰਦਾ ਹੈ। ਸੋਫ਼ੀ ਆਪਣੀ ਭੈਣ ਦਾ ਘਰ ਉੱਜੜਦਾ ਦੇਖ ਜ਼ਹਿਰ ਖਾ ਕੇ ਆਤਮ ਹੱਤਿਆ ਕਰ ਲੈਂਦੀ ਹੈ। ਤੋਸ਼ੀ ਦੁਆਰਾ ਆਪਣੀ ਕੁੱਖ ਵਿਚਲੀ ਧੀ ਨੂੰ ਜਨਮ ਦੇਣ ਦੇ ਅੰਤਿਮ ਫੈਸਲੇ ਨਾਲ ਨਾਟਕ ਅੰਤਿਮ ਨਿਰਣੇ 'ਤੇ ਪਹੁੰਚਦਾ ਹੈ। ਅਜਮੇਰ ਰੋਡੇ ਨੇ ਇਹਨਾਂ ਕਥਾਨਕੀ ਘਟਨਾਵਾਂ ਨੂੰ ਉਸਾਰਦਿਆਂ ਵਿਭਿੰਨ ਨਾਟਕੀ ਸੰਚਾਰ ਜੁਗਤਾਂ ਜਿਵੇਂ ਪਾਤਰਾਂ ਦੇ ਆਪਸੀ ਸੰਵਾਦ, ਅਧੂਰੇ ਤੇ ਅਪੂਰਨ ਵਾਕ, ਗੀਤ-ਸੰਗੀਤ, ਮੌਕਾ-ਮੇਲ, ਮਨਬਚਨੀ, ਸਟੇਜ ਸੈਟਿੰਗ ਆਦਿ ਦੀ ਵਰਤੋਂ ਕੀਤੀ ਹੈ।

ਨਾਟਕ ਵਿੱਚ ਇਹਨਾਂ ਸੰਚਾਰ ਜੁਗਤਾਂ ਦਾ ਬਹੁਤ ਮਹੱਤਵ ਹੁੰਦਾ ਹੈ। ਨਾਟਕਕਾਰ ਨਾਟਕ ਰਚਨਾ ਸਮੇਂ ਦ੍ਰਿਸ਼ ਪਾਠ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਵਿਭਿੰਨ ਨਾਟਕੀ ਸੰਚਾਰ ਜੁਗਤਾਂ ਦੀ ਵਰਤੋਂ ਕਰਦਾ ਹੈ। ਨਾਟ ਸ਼ੈਲੀ ਅਨੁਸਾਰ ਵਰਤੀਆਂ ਜਾਂਦੀਆਂ ਇਹ ਸੰਚਾਰ ਜੁਗਤਾਂ ਪਾਤਰਾਂ ਦੇ ਭਾਵਾਂ ਨੂੰ ਬਿਆਨ ਕਰਨ, ਨਾਟ ਵਸਤੂ ਨੂੰ ਅਗਾਂਹ ਤੋਰਨ ਅਤੇ ਨਾਟਕੀ ਸੰਦੇਸ਼ ਦਾ ਸੰਚਾਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

> *"ਕਿਸੇ ਵੀ ਨਾਟਕਕਾਰ ਵਾਸਤੇ ਸੰਚਾਰ ਜੁਗਤਾਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ ਕਿਉਂਕਿ ਸੰਚਾਰ ਜੁਗਤਾਂ ਦਾ ਪ੍ਰਯੋਗ ਹੀ ਨਾਟ ਸਰੋਕਾਰ ਨੂੰ ਪ੍ਰਸੁਤਤ ਕਰਨ ਵਾਲੇ ਨਾਟ ਰੂਪ ਦੇ ਮੰਚੀ ਸੰਚਾਰ ਦਾ ਆਧਾਰ ਬਣਦਾ ਹੈ।"[2]*

 Received: 10 Nov. 2025 Accepted: 30 Nov. 2025 Published: 05 Dec. 2025

ਪਾਤਰਾਂ ਦੇ ਆਪਸੀ ਸੰਵਾਦ ਨਾਟਕ ਵਿੱਚ ਵਰਤੀ ਜਾਣ ਵਾਲੀ ਅਹਿਮ ਨਾਟ ਸੰਚਾਰ ਜੁਗਤ ਹੈ। ਨਾਟਕ ਦੇ ਸ਼ੁਰੂ ਹੋਣ ਤੋਂ ਪਹਿਲਾਂ ਪਾਤਰਾਂ ਦੇ ਅਤੀਤ ਵਿੱਚ ਬਹੁਤ ਘਟਨਾਵਾਂ ਵਾਪਰ ਚੁੱਕੀਆਂ ਹੁੰਦੀਆਂ ਹਨ। ਨਾਟਕਕਾਰ ਪਾਤਰਾਂ ਦੇ ਅਤੀਤ ਵਿੱਚ ਵਾਪਰੀਆਂ ਇਹਨਾਂ ਘਟਨਾਵਾਂ ਦੀ ਜਾਣਕਾਰੀ ਦੇਣ ਲਈ ਸੂਤਰਧਾਰ, ਮੰਗਲਾਚਰਨ, ਪਿੱਛਲ ਝਾਤ ਅਤੇ ਪਾਤਰਾਂ ਦੇ ਆਪਸੀ ਸੰਵਾਦ ਆਦਿ ਨਾਟਕੀ ਸੰਚਾਰ ਜੁਗਤਾਂ ਦੀ ਵਰਤੋਂ ਕਰਦਾ ਹੈ।

*"ਇੱਕੋ ਪਾਤਰ ਦੀ ਵਰਤਮਾਨ ਤੋਂ ਅਤੀਤ ਵਿੱਚ ਅਤੇ ਅਤੀਤ ਤੋਂ ਵਰਤਮਾਨ ਵਿੱਚ ਜਾਣ ਦੀ ਸਥਿਤੀ ਨੂੰ ਉਨੀ ਹੀ ਫੁਰਤੀ ਨਾਲ ਦਰਸ਼ਕਾਂ ਵੱਲੋਂ ਗ੍ਰਹਿਣ ਕੀਤੇ ਜਾਣ ਦੀ ਲੋੜ ਨਾਟਕ ਨਿਰਦੇਸ਼ਕ ਲਈ ਇੱਕ ਚੁਣੌਤੀ ਬਣ ਜਾਂਦੀ ਹੈ ਇਸ ਮਸਲੇ ਨੂੰ ਹੱਲ ਕਰਨ ਲਈ ਬਹੁਤ ਨਾਟਕਕਾਰ ਪਾਤਰਾਂ ਦੇ ਆਪਸੀ ਸੰਵਾਦ ਦੀ ਵਿਧੀ ਦਾ ਪ੍ਰਯੋਗ ਕਰਦੇ ਹਨ।"*[3]

ਨਾਟਕ ਨਿਰਲੱਜ ਆਪਣੇ ਵਿਸ਼ੇ ਨਾਲ ਸਿੱਧਾ ਪਾਠਕਾਂ ਦੇ ਸਨਮੁਖ ਹੁੰਦਾ ਹੈ। ਨਾਟਕ ਦਾ ਸਾਰਾ ਕਾਰਜ ਇੱਕ ਸਧਾਰਨ ਪੰਜਾਬੀ ਪਰਿਵਾਰ ਦੇ ਲਿਵਿੰਗ ਰੂਮ ਵਿੱਚ ਵਾਪਰਦਾ ਹੈ, ਜੋ ਕੈਨੇਡਾ ਵਿੱਚ ਰਹਿ ਰਿਹਾ ਹੈ।ਨਾਟਕ ਦੀ ਸ਼ੁਰੂਆਤ ਤੋਸ਼ੀ, ਰੂਪੀ ਅਤੇ ਸੰਮੀ ਦੇ ਆਪਸੀ ਸੰਵਾਦ ਨਾਲ ਹੁੰਦੀ ਹੈ।

*ਸੰਮੀ: (ਪ੍ਰੈਸ ਕਰ ਰਹੀ ਤੋਸ਼ੀ ਕੋਲ ਜਾ ਕੇ) ਆਂ, ਆਂ.... ਭਾਬੀ ਐਕਸਰਸਾਈਜ਼ ਨਹੀਂ ਛੱਡ ਸਕਦੀ ਤੂੰ ! ਪਤਾ ਐਕਸਰਸਾਈਜ਼ਾਂ ਦਾ ਹੋਣ ਵਾਲੇ ਬੱਚੇ ਤੇ ਕਿੰਨਾ ਅਸਰ ਪੈਂਦਾ?*

*ਤੋਸ਼ੀ : ਜਦੋਂ ਰੂਪੀ ਹੋਈ ਸੀ ਉਦੋਂ ਤਾਂ ਕੋਈ ਅੜੀ ਐਕਸਰਸਾਈਜ਼ ਨਹੀਂ ਸੀ ਕੀਤੀ।* [4]

ਅਜਮੇਰ ਰੋਡੇ ਨੇ ਉਪਰੋਕਤ ਪਾਤਰਾਂ ਦੇ ਆਪਸੀ ਸੰਵਾਦ ਰਾਹੀਂ ਮੁੱਖ ਨਾਟਕੀ ਸਮੱਸਿਆ ਵੱਲ ਸੰਕੇਤ ਕੀਤਾ ਹੈ, ਪਾਤਰਾਂ ਦਾ ਦਰਸ਼ਕਾਂ ਨਾਲ ਪ੍ਰੀਚੈ ਕਰਵਾਇਆ ਹੈ ਅਤੇ ਕੇਂਦਰੀ ਪਾਤਰ ਤੋਸ਼ੀ ਦੇ ਮਾਂ ਬਣਨ ਅਤੇ ਪਹਿਲਾਂ ਇੱਕ ਬੇਟੀ ਰੂਪੀ ਹੋਣ ਬਾਰੇ ਜਾਣਕਾਰੀ ਦਿੱਤੀ ਹੈ। ਨਾਟਕਕਾਰ ਨੇ ਇੱਥੇ ਤੋਸ਼ੀ ਦੇ ਅਤੀਤ ਬਾਰੇ ਦੱਸਣ ਲਈ ਅਤੇ ਨਾਟਕੀ ਕਥਾ ਨੂੰ ਅੱਗੇ ਤੋਰਨ ਲਈ ਪਾਤਰਾਂ ਦੇ ਆਪਸੀ ਸੰਵਾਦ ਦੀ ਜੁਗਤ ਨੂੰ ਬਾਖ਼ੂਬੀ ਵਰਤਿਆ ਹੈ।ਨਾਟਕ ਵਿੱਚ ਵਾਰਤਾਲਾਪ ਜਾਂ ਸੰਵਾਦ ਸੰਚਾਰ ਪ੍ਰਕਿਰਿਆ ਹੈ ਇਹ ਸੰਵਾਦ ਆਉਣ ਵਾਲੀ ਸਮੱਸਿਆ ਵੱਲ ਸੰਕੇਤ ਕਰਦੇ ਹਨ ਅਤੇ ਜਿਹੜੇ ਪਾਤਰਾਂ ਬਾਰੇ ਗੱਲ ਕੀਤੀ ਜਾਂਦੀ ਉਸ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ। ਨਾਟਕ ਦੇ ਦੂਜੇ ਅੰਕ ਵਿੱਚ ਸੀਬੋ, ਤੋਸ਼ੀ ਨੂੰ ਪਾਠ ਕਰਨ ਲਈ ਕਹਿੰਦੀ ਹੈ ਅਤੇ ਇੱਕ ਗੁਟਕਾ ਸਾਹਿਬ ਵੀ ਦਿੰਦੀ ਹੈ। ਉਸ ਸਮੇਂ ਤੋਸ਼ੀ ਅਤੇ ਸੀਬੋ ਦੇ ਸੰਵਾਦ ਰਾਹੀਂ ਹੈਰੀ ਦੀ ਮੁੰਡੇ ਦੀ ਚਾਹਤ ਬਾਰੇ ਪਤਾ ਲੱਗਦਾ ਹੈ, ਜਿਸ ਲਈ ਉਹ ਕੁਝ ਵੀ ਕਰ ਸਕਦਾ ਹੈ।

*ਸੀਬੋ : ਐਕਸਰਸਾਈਜ਼ਾਂ ਵੀ ਠੀਕ ਐ, ਤੋਸ਼ੀ, ਪਰ ਤੁਸੀਂ ਘਰ ਵਿੱਚ ਪਾਠ ਖੁਲਵਾਓ, ਘਰ ਪਵਿੱਤਰ ਹੋਵੇ, ਸੱਚੇ ਪਾਤਸ਼ਾਹ ਦੀ ਬਾਣੀ ਕੰਨਾਂ ਵਿੱਚ ਪਵੇ.... ਸੁੱਖ ਨਾ ਨਵੇਂ ਜੀਅ ਨੇ ਆਉਣਾ ਘਰ ਚ।*

*ਤੋਸ਼ੀ : ਤੈਨੂੰ ਇੱਕ ਗੱਲ ਦੱਸਾਂ ਸੀਬੋ, ਹੈਰੀ ਐਸ ਵਾਰ ਮੁੰਡੇ ਨੂੰ ਬਾਹਲਾ ਹੀ ਤਾਂਘਦੈ, ਏਸ ਪਿਛੇ ਤਾਂ ਉਹ ਪਾਠ ਵੀ ਖੁਲ੍ਹ ਲੂ ਗਾ, ਆਪ ਵੀ ਕਰਨ ਲੱਗਪੂ ਗਾ (ਹੱਸਦੀ ਹੈ)।*[5]

ਅਧੂਰੇ ਤੇ ਅਪੂਰਨ ਵਾਕ ਵਾਰਤਾਲਾਪ ਦੇ ਅੰਤਰਗਤ ਵਰਤੀ ਜਾਣ ਵਾਲੀ ਇੱਕ ਮਹੱਤਵਪੂਰਨ ਸੰਚਾਰ ਜੁਗਤ ਹੈ।

*"ਨਾਟਕ ਦੀ ਲਿਖਤ ਵਿੱਚ ਬਿੰਦੀਆਂ ਦਾ ਪ੍ਰਯੋਗ ਅਤੇ ਮੰਚੀ ਪੇਸ਼ਕਾਰੀ ਵੇਲੇ ਅਭਿਨੇਤਾਵਾਂ ਦਾ ਬੋਲਦੇ -ਬੋਲਦੇ ਅਚਾਨਕ ਚੁੱਪ ਕਰ ਜਾਣਾ ਪਾਤਰਾਂ ਦੇ ਮਨ ਦੀਆਂ ਜਟਿਲਤਾਵਾਂ ਅਤੇ ਪੇਚੀਦਗੀਆਂ ਨੂੰ ਪ੍ਰਗਟਾਉਣ ਦੀ ਇੱਕ ਹੋਰ ਕਾਰਗਰ ਜੁਗਤ ਹੈ। ਅਜਿਹੀ ਸਥਿਤੀ ਵਿੱਚ ਜਿੱਥੇ ਪਾਤਰਾਂ ਦੀਆਂ ਮਾਨਸਿਕ ਗੁੰਝਲਾਂ ਨੂੰ ਪ੍ਰਗਟਾਉਣ ਤੋਂ ਅਸਮਰੱਥ ਹੋਵੇ ਉਥੇ ਇਸ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ।"* [6]

ਨਿਰਲੱਜ ਨਾਟਕ ਵਿੱਚ ਕਈ ਥਾਵਾਂ ਤੇ ਇਸ ਜੁਗਤ ਦੀ ਵਰਤੋਂ ਕੀਤੀ ਗਈ ਹੈ। ਨਾਟਕ ਦੇ ਪਹਿਲੇ ਅੰਕ ਦੇ ਤੀਜੇ ਦ੍ਰਿਸ਼ ਵਿੱਚ ਹੈਰੀ ਅਤੇ ਪੰਡਿਤ ਦੀ ਵਾਰਤਾਲਾਪ ਹੈਰੀ ਦੇ ਮਨ ਵਿੱਚ ਚੱਲ ਰਹੀ ਕਸ਼ਮਕਸ਼ ਨੂੰ ਬਿਆਨ ਕਰਦੀ ਹੈ। ਹੈਰੀ ਕੁੱਖ ਵਿੱਚ ਪਲ ਰਹੇ ਬੱਚੇ ਦੇ ਲਿੰਗ ਬਾਰੇ ਜਾਨਣ ਲਈ ਉਤਾਵਲਾ ਹੈ ਪਰ ਉਹ ਆਪਣੀ ਇਸ ਮਨਸ਼ਾ ਨੂੰ ਪੰਡਿਤ ਸਾਹਮਣੇ ਉਜਾਗਰ ਵੀ ਨਹੀਂ ਕਰਨਾ ਚਾਹੁੰਦਾ।

*ਪੰਡਿਤ : ਭਗਵਾਨ ਨੇ ਚਾਹਾ ਤੋਂ ਇੱਛਾ ਆਵੱਸ਼ ਪੂਰੀ ਹੋ ਗੀ ਆਪ ਕੀ।*

*ਹੈਰੀ : (ਥੋੜ੍ਹਾ ਜਿਹਾ ਚਿੜ ਕੇ) ਇਹ ਤਾਂ ਪੰਡਤ ਜੀ ਸਾਨੂੰ ਵੀ ਪਤੈ ਬਈ ਭਗਵਾਨ ਨੇ ਚਾਹਿਆ ਤਾਂ ਸਭ ਕੁਛ ਹੋ ਜੂ ਗਾ ਪਰ ਤੁਸੀਂ ਕੋਈ ਪੱਕਾ ਟੇਵਾ ਲਾ ਕੇ ਦੱਸੋ, ਲੜਕਾ ਹੈ ਜਾਂ ........ਯੂ ਨੋਅ (ਹਰਦੇਵ ਲੜਕੀ ਸ਼ਬਦ ਨਹੀਂ ਕਹਿਣਾ ਚਾਹੁੰਦਾ)* [7]

ਗੀਤ ਸੰਗੀਤ ਨਾਟਕ ਵਿੱਚ ਗੀਤ ਸੰਗੀਤ ਦੀ ਵਰਤੋਂ ਨਾਟਕ ਦੀ ਪੇਸ਼ਕਾਰੀ ਨੂੰ ਪ੍ਰਭਾਵਸ਼ਾਲੀ ਬਣਾਉਂਦੀ ਹੈ। ਭਾਰਤੀ ਅਚਾਰੀਆ ਨੇ ਨਾਟਕ ਵਿੱਚ ਗੀਤ ਸੰਗੀਤ ਦੀ ਅਹਿਮ ਭੂਮਿਕਾ ਨੂੰ ਪ੍ਰਵਾਨਿਆ ਹੈ। ਪੰਜਾਬੀ ਨਾਟਕਕਾਰਾਂ ਨੇ ਇਸ ਜੁਗਤ ਦੀ ਵਰਤੋਂ ਨਾਟਕ ਵਿੱਚ ਭਾਵਾਂ ਨੂੰ ਤੀਖਣ ਕਰਨ, ਘਟਨਾਵਾਂ ਦੇ ਸਿਖਰ ਨੂੰ ਸਕਾਰ ਕਰਨ, ਇਕ ਅੰਕ ਤੋਂ ਪਿੱਛੋਂ ਦੂਸਰੇ ਅੰਕ ਵਿਚਲੇ ਖੱਪੇ ਦੀ ਪੂਰਤੀ ਲਈ ਕੀਤੀ ਹੈ। ਸੰਗੀਤ ਮਨੁੱਖੀ ਮਨ ਤੇ ਵਧੇਰੇ ਪ੍ਰਭਾਵ ਪਾਉਂਦਾ ਹੈ ਇਸ ਲਈ ਕਈ ਨਾਟਕਕਾਰ ਨਾਟਕ ਦੀ ਸ਼ੁਰੂਆਤ ਅਤੇ ਅੰਤ ਸੰਗੀਤ ਨਾਲ ਕਰਦੇ ਹਨ। ਅਜਮੇਰ ਰੋਡੇ ਰਚਿਤ ਨਾਟਕ ਨਿਰਲੱਜ ਦਾ ਆਰੰਭ ਪਿਛੋਕੜ ਸੰਗੀਤ ਨਾਲ ਹੁੰਦਾ ਹੈ। ਨਾਟਕ ਦੇ ਪਹਿਲੇ ਅੰਕ ਦੀਆਂ ਤਿੰਨੇ ਝਾਕੀਆਂ ਦੀ ਸ਼ੁਰੂਆਤ ਤੋਸ਼ੀ ਦੇ ਪਿਛੋਕੜ ਸੰਗੀਤ ਤੇ ਐਕਸਰਸਾਈਜ਼ ਕਰਨ ਨਾਲ ਹੁੰਦੀ ਹੈ। ਨਾਟਕ ਦੇ ਦੂਜੇ ਅੰਕ ਦੇ ਦੂਜੇ ਦ੍ਰਿਸ਼ ਵਿੱਚ ਤੋਸ਼ੀ ਲਿੰਗ ਟੈਸਟ ਕਰਵਾਉਣ ਨਹੀਂ ਜਾਣਾ ਚਾਹੁੰਦੀ ਉਸੇ ਸਮੇਂ ਪਿਛੋਕੜ ਤੋਂ ਲੋਹੜੀ ਦੇ ਲੋਕ ਗੀਤ ਦੀ ਆਵਾਜ਼ ਆਉਂਦੀ ਹੈ।

*ਸੁੰਦਰ ਮੁੰਦਰੀਏ - ਹੋ*
*ਤੇਰਾ ਕੌਣ ਵਿਚਾਰਾ - ਹੋ*
*ਦੁਲਾ ਭੱਟੀ ਵਾਲਾ - ਹੋ*
*ਦੁੱਲੇ ਦੀ ਧੀ ਵਿਆਹੀ – ਹੋ* [8]

ਲੋਹੜੀ ਦੇ ਇਸ ਲੋਕ ਗੀਤ ਦੀ ਵਰਤੋਂ ਤੋਸ਼ੀ ਦੀ ਮਨੋਦਸ਼ਾ ਨੂੰ ਠੀਕ ਕਰਨ

ਅਤੇ ਸੁਖਾਵਾਂ ਮਾਹੌਲ ਚਿਤਰਨ ਲਈ ਕੀਤੀ ਗਈ ਹੈ। ਇਸ ਗੀਤ ਦਾ ਮਨੋਰਥ ਪੰਜਾਬੀ ਪਰੰਪਰਾ ਦੀ ਝਲਕ ਪੇਸ਼ ਕਰਨਾ ਵੀ ਹੈ ਜਿਸ ਵਿੱਚ ਮੁੰਡੇ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ।

ਇੰਜ ਹੀ ਪੰਜਾਬੀ ਨਾਟਕਕਾਰਾਂ ਵੱਲੋਂ ਕੋਰਸ (ਸਮੂਹਗਾਨ) ਦੀ ਵਰਤੋਂ ਕੀਤੀ ਗਈ ਹੈ। ਕੋਰਸ ਨਾਟ ਜੁਗਤ ਦੀ ਵਰਤੋਂ ਵਸਤੂ ਦੇ ਵਿਭਿੰਨ ਨਾਟ ਪਸਾਰਾਂ ਨੂੰ ਉਜਾਗਰ ਕਰਨ ਲਈ ਕੀਤੀ ਜਾਂਦੀ ਹੈ। ਤੋਸ਼ੀ ਲੋਹੜੀ ਮੰਗਣ ਵਾਲੀਆਂ ਕੁੜੀਆਂ ਨੂੰ ਕੋਈ ਤਮਾਸ਼ਾ, ਡਾਂਸ ਕਰਕੇ ਦਿਖਾਉਣ ਲਈ ਕਹਿੰਦੀ ਹੈ, ਤਾਂ ਉਸ ਸਮੇਂ ਕੁੜੀਆਂ ਇੱਕ ਤਮਾਸ਼ਾ ਕਰਦੀਆਂ ਹਨ।

*ਕੋਰਸ : ਵੇ ਜਿੰਨ ਕੱਢਦੇ ਮੇਰੀ ਨੂੰਹ ਨੂੰ ਬੜਾ ਡਰ ਲੱਗਦਾ*
*ਵੇ ਮੇਰੇ ਘਰੋਂ ਜਿੰਨ ਕੱਢਦੇ ਮੇਰੀ ਨੂੰਹ ਨੂੰ ਬੜਾ ਡਰ ਲੱਗਦਾ*
*ਕੁੜੀ :(ਜਿਸ ਵਿੱਚ ਭੂਤ ਆਇਆ ਹੈ) ਭੂਤ, ਜਿੰਨ, ਭੂਤ, ਜਿੰਨ ....*
*ਕੋਰਸ: ਵੇ ਜਿੰਨ ਕੱਢਦੇ ਮੇਰੀ ਨੂੰਹ ਨੂੰ ਬੜਾ ਡਰ ਲੱਗਦਾ.....*
*ਜੋਗੀ: ਦਮਾ ਦਮ ਮਸਤ ਕਲੰਦਰ, ਸਾਰੇ ਬਾਹਰ ਬੀਬੀ ਅੰਦਰ*
*ਛੂਅ ਮੰਤਰ ਕੀ ਡਾਲੀ ਮੇਰਾ ਵਾਰ ਨਾ ਜਾਏ ਖਾਲੀ*
*ਰੇਖ ਮੇਕ ਸੇਕ, ਮੇਰੇ ਵੱਲ ਵੇਖ.....*
*ਸੱਸ : ਛੂ ਛੜੱਪ ਤੂੰ ਕਰਦਾ ਜੋਗੀ ਸਮਝਨਾ ਤੇਰੀ ਪੈਂਦੀ*
*ਫੂਕ ਮਾਰ ਕੇ ਠਗਣਾ ਚਾਹੇ ਨੂੰਹ ਭੋਲੀ ਐ ਮੇਰੀ* [9]

ਨਾਟਕਕਾਰ ਨੇ ਨਾਟਕ ਵਿੱਚ ਤਮਾਸ਼ੇ ਦੀ ਪੇਸ਼ਕਾਰੀ ਰਾਹੀਂ ਰੋਚਕਤਾ ਵਿੱਚ ਵਾਧਾ ਕੀਤਾ ਹੈ ਅਤੇ ਕੁਝ ਸਮੇ ਲਈ ਨਾਟ ਵਸਤੂ ਤੋਂ ਵੱਖਰਾ ਮਾਹੌਲ ਸਿਰਜ ਕੇ ਦਰਸ਼ਕਾ ਦਾ ਮਨੋਰੰਜਨ ਵੀ ਕੀਤਾ ਹੈ।

ਅਜਮੇਰ ਰੋਡੇ ਨੇ ਨਾਟਕ ਵਿੱਚ ਕਾਵਿਕ ਟੋਟਿਆਂ ਦਾ ਪ੍ਰਯੋਗ ਵੀ ਕੀਤਾ ਹੈ। ਨਿਰਲੱਜ ਨਾਟਕ ਵਿੱਚ ਵਰਤੇ ਗਏ ਕਾਵਿਕ ਟੋਟੇ ਪਾਤਰਾਂ ਦੇ ਸੁਭਾਅ ਦੀ ਤਰਜਮਾਨੀ ਕਰਦੇ ਹਨ। ਜਿਵੇਂ ਸੀਬੋ ਇੱਕ ਧਾਰਮਿਕ ਔਰਤ ਹੈ, ਉਹ ਤੋਸ਼ੀ ਨੂੰ ਗੁਟਕਾ ਸਾਹਿਬ ਦੇਣ ਸਮੇਂ ਗੁਰੂ ਗ੍ਰੰਥ ਸਾਹਿਬ ਵਿੱਚੋਂ ਸਵੱਈਆ ਪੜ ਕੇ ਤੋਸ਼ੀ ਨੂੰ ਸੁਣਾਉਂਦੀ ਹੈ। ਦੂਜੇ ਅੰਕ ਦੇ ਪਹਿਲੇ ਦ੍ਰਿਸ਼ ਵਿੱਚ ਜੈਗ ਜੈਕ ਪ੍ਰੀਤਮ ਕੌਰ ਨੂੰ ਕਹਿੰਦਾ ਹੈ ਕਿ ਬੇਸ਼ੱਕ ਮਲੂਕਾ ਗੁਰਦੁਆਰੇ ਦਾ ਪ੍ਰਧਾਨ ਬਣ ਜਾਵੇ ਪਰ ਇਹ ਖਾਣਾ ਪੀਣਾ ਨਹੀਂ ਛੱਡ ਸਕਦਾ। ਜੈਗ ਮਲੂਕੇ ਦੀ ਇਸ ਆਦਤ ਸਬੰਧੀ ਉੱਚੀ ਹੇਕ ਵਿੱਚ ਵਾਰਿਸ ਸ਼ਾਹ ਦੀਆਂ ਤੁਕਾਂ ਗਾਉਂਦਾ ਹੈ।

*ਛੱਡ ਵੈਲ ਬਦਫੈਲੀਆਂ ਖਾਕ ਹੋ ਜਾ*
*ਨਾ ਕਰ ਜੱਗ ਦੇ ਨਾਲ ਤੂੰ ਜੋਰੀਆਂ ਜੀ*
*ਵਾਰੇ ਸ਼ਾਹ ਨਾ ਆਦਤਾ ਜਾਂਦੀਆਂ ਨੇ*
*ਭਾਵੇਂ ਕੱਟੀਆਂ ਪੋਰੀਆਂ ਪੋਰੀਆਂ ਜੀ* [10]

ਮੌਕਾ ਮੇਲ ਨਾਟਕ ਵਿੱਚ ਵਰਤੀ ਜਾਂਦੀ ਬਹੁਤ ਮਹੱਤਵਪੂਰਨ ਨਾਟ ਜੁਗਤ ਹੈ। ਇਹ ਜੁਗਤ ਨਾਟਕ ਦੇ ਸੰਘਰਸ਼ ਨੂੰ ਤੇਜ਼ ਕਰਦੀ ਹੈ, ਦਰਸ਼ਕਾਂ ਵਿੱਚ ਉਤਸੁਕਤਾ ਬਣਾਈ ਰੱਖਦੀ ਹੈ। ਮੌਕਾ ਮੇਲ ਰਾਹੀਂ ਪਾਤਰਾਂ ਵਿੱਚ ਗਲਤ ਫਹਿਮੀ ਪੈਦਾ ਕੀਤੀ ਜਾਂਦੀ ਹੈ ਜਾਂ ਨਾਟਕੀ ਗੁੰਝਲ ਨੂੰ ਸੁਲਝਾਇਆ ਜਾਂਦਾ ਹੈ।ਅਜਮੇਰ ਰੋਡੇ ਨੇ ਦਰਸ਼ਕਾਂ ਦੀ ਸੁਰਤ ਨੂੰ ਟੁੰਬਣ ਲਈ ਸ਼ਕਤੀਸ਼ਾਲੀ ਨਾਟਕੀ ਮੌਕਿਆਂ ਦੀ ਵਰਤੋਂ ਕੀਤੀ ਹੈ। ਪਹਿਲੇ ਅੰਕ ਦੇ ਦੂਜੇ ਦ੍ਰਿਸ਼ ਵਿੱਚ ਸ਼ੰਮੀ ਦਾ ਵਾਪਸ ਆਉਣਾ ਅਤੇ ਪੰਡਿਤ ਦਾ ਘਰ ਹੋਣਾ ਦਰਸ਼ਕਾਂ ਵਿੱਚ ਉਤਸੁਕਤਾ ਪੈਦਾ ਕਰਦਾ ਹੈ ਕਿ ਹੁਣ ਕੀ ਹੋਵੇਗਾ? ਤੀਜੇ ਅੰਕ ਦੇ ਪਹਿਲੇ ਦ੍ਰਿਸ਼ ਵਿੱਚ ਲਿੰਗ ਟੈਸਟ ਕਰਵਾਉਣ ਤੋਂ ਪਿੱਛੋਂ ਹੈਰੀ ਗੁੱਸੇ ਵਿੱਚ ਆ ਕੇ ਅਤੇ ਪੰਡਿਤ ਨੂੰ ਬੁਰਾ ਭਲਾ ਬੋਲਦਾ ਹੈ ਅਤੇ ਤਵੀਤ ਵਾਪਸ ਕਰਨ ਜਾਂਦਾ ਹੈ। ਐਨ ਉਸੇ ਵਕਤ ਪੰਡਿਤ ਹੈਰੀ ਦੇ ਘਰ ਮੁੰਗਾ ਫੜਾਉਣ ਲਈ ਪ੍ਰਵੇਸ਼ ਕਰਦਾ ਹੈ। ਇਸ ਮੌਕਾ ਮੇਲ ਦੌਰਾਨ ਪੰਡਿਤ ਅਤੇ ਹੈਰੀ ਦੀ ਵਿਅੰਗਮਈ ਵਾਰਤਾਲਾਪ ਨਾਟਕੀ ਕਾਰਜ ਨੂੰ ਵਿਸਥਾਰ ਦਿੰਦੀ ਹੈ।

ਨਾਟਕਕਾਰ ਵਿਅੰਗ ਦੀ ਵਰਤੋਂ ਆਪਣੇ ਨਾਟਕ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਬਣਾਉਣ ਲਈ ਕਰਦਾ ਹੈ। ਵਿਅੰਗ ਰਾਹੀਂ ਸਮਾਜ ਵਿੱਚ ਫੈਲੀਆਂ ਬੇਨੇਮੀਆਂ, ਕਹਿਣੀ ਤੇ ਕਥਨੀ ਵਿਚਲੇ ਵਿਰੋਧ ਨੂੰ ਪੇਸ਼ ਕੀਤਾ ਜਾਂਦਾ ਹੈ। ਅਜਮੇਰ ਰੋਡੇ ਨੇ ਨਿਰਲੱਜ ਨਾਟਕ ਵਿੱਚ ਵਿਅੰਗ ਨੂੰ ਹਥਿਆਰ ਵਾਂਗ ਵਰਤਿਆ ਹੈ। ਹੈਰੀ ਮੁੰਗਾ ਵਾਪਸ ਕਰਨ ਸਮੇਂ ਗੁੱਸੇ ਵਿੱਚ ਪੰਡਿਤ ਨੂੰ ਬੁਰਾ ਭਲਾ ਬੋਲਦਾ ਹੈ ਤਾਂ ਪੰਡਿਤ ਜਵਾਬ ਵਿੱਚ ਹੈਰੀ ਨੂੰ ਉਸਦਾ ਅਸਲ ਚਿਹਰਾ ਦਿਖਾਉਂਦਾ ਹੈ।ਉਹ ਹਰ ਧਰਮ ਦੇ ਉਹਨਾਂ ਲੋਕਾਂ ਉੱਪਰ ਵਿਅੰਗ ਕਰਦਾ ਹੈ ਜੋ ਕੁੜੀ ਨਹੀਂ ਚਾਹੁੰਦੇ ਅਤੇ ਮੁੰਡਾ ਪ੍ਰਾਪਤੀ ਲਈ ਹਰ ਹੀਲਾ ਵਰਤਦੇ ਹਨ। ਪੰਡਿਤ ਤੇ ਹੈਰੀ ਦਾ ਵਾਰਤਾਲਾਪ ਇਸਦੀ ਪੁਸ਼ਟੀ ਕਰਦਾ ਹੈ।

*ਪੰਡਿਤ : ਨਹੀਂ ਹਰਦੇਵ ਸਿੰਘ, ਐਸਾ ਨਹੀਂ ਹੋਗਾ, ਲੋਗ ਫਿਰ ਵੀ ਆਏਂਗੇ, ਜਬ ਤੱਕ ਲੋਗੋਂ ਮੇਂ ਪੁਰਾਨੇ ਸੰਸਕਾਰ ਹੈਂ, ਅੰਧ ਵਿਸ਼ਵਾਸ਼ ਹੈ, ਲੋਗ ਜ਼ਰੂਰ ਆਏਂਗੇ, ਆਮ ਲੋਗ ਆਏਂਗੇ, ਪੜ੍ਹੇ ਲਿਖੇ ਆਏਂਗੇ, ਪੌਲਿਟੀਸ਼ਨ ਆਏਂਗਾ, ਹਮ ਸੇ ਦੋ ਕੌੜੀ ਕਾ ਤਵੀਤ ਲੇ ਜਾਏਂਗੇ ਔਰ ਪੈਸੇ ਦੇ ਜਾਏਂਗੇ ......ਯੇ ਸਭੀ ਅਪੋਇੰਟਮੈਂਟਸ ਹੈ: ਯੇਹ ਏਕ ਐਮ ਪੀ ਹੈ ਯਹਾਂ ਕਾ, ਯੇਹ ਖਾਲਸਤਾਨ ਕੇ ਲਿਏ ਲੜ ਰਹਾ ਹੈ, ਯੇਹ ਸਰੀ ਕਾ ਬਹੁਤ ਬੜਾ ਬਿਜ਼ਨਸਮੈਨ ਹੈ। ਸਭੀ ਕੋ ਲੜਕੇ ਚਾਹੀਏ।*

*ਹੈਰੀ: ਪਰ ਹੈ ਤਾਂ ਪੰਡਤ ਜੀ ਇਹ ਨਿਰੀ ਠੱਗੀ?*

*ਪੰਡਿਤ: ਅਰੇ ਭਾਈ ਹਰਦੇਵ ਸਿੰਘ ਦੁਨੀਆ ਮੇਂ ਐਸਾ ਕੌਨ ਹੈ ਜੋ ਠੱਗੀ ਨਹੀਂ ਮਾਰ ਰਹਾ। ਮੈਂ ਤੋਂ ਲੋਗੋਂ ਸੇ ਠੱਗੀ ਮਾਰਤਾ ਹੂੰ ਨਾ, ਆਪ ਤੋਂ ਭਗਵਾਨ ਸੇ ਹੀ ਠੱਗੀ ਮਾਰੇ ਜਾ ਰਹੇ ਹੋ। ਯੇ ਹਜਾਰ ਡਾਲਰ ਮੁਝੇ ਆਪ ਨੇ ਕੌਨ ਸਾ ਪੁੰਨ ਕਰਨੇ ਕੇ ਲੀਏ ਦੀਆ ਥਾ? ਯੇ ਭਗਵਾਨ ਸੇ ਹੇਰਾ ਫੇਰੀ ਕਰਨੇ ਕੇ ਲਿਏ ਦੀਆ ਥਾ।*[11]

ਇਸੇ ਤਰ੍ਹਾਂ ਨਾਟਕ ਦੇ ਦੂਜੇ ਅੰਕ ਦੇ ਦੂਜੇ ਦ੍ਰਿਸ਼ ਵਿੱਚ ਤੋਸ਼ੀ ਅਤੇ ਪ੍ਰੀਤਮ ਦਾ ਸੰਵਾਦ ਕੈਨੇਡਾ ਵਿੱਚ ਵਸਦੇ ਪੰਜਾਬੀਆਂ ਦੁਆਰਾ ਲੋਹੜੀ ਮਨਾਉਣ, ਪੰਜਾਬੀ ਰਸਮਾਂ ਰਿਵਾਜਾਂ ਨੂੰ ਚੰਗੀ ਤਰ੍ਹਾਂ ਨਿਭਾਉਣ ਪਰ ਆਪਣੀ ਪਛਾਂਹ ਖਿੱਚੂ ਸੋਚ ਨਾ ਬਦਲਣ ਉੱਪਰ ਵਿਅੰਗ ਕਰਦਾ ਹੈ।

*ਤੋਸ਼ੀ : (ਉਸੇ ਤਰ੍ਹਾਂ ਗੰਭੀਰ ਮੂਡ ਵਿੱਚ) ਏਥੇ ਲੋਹੜੀ ਕਿੱਥੋਂ ਮਨਾਉਣ ਲੱਗ ਪੇ, ਕੈਨੇਡਾ ਚ?*

*ਪ੍ਰੀਤਮ : ਲੈ, ਏਥੇ ਵੀ ਮਨਾਉਣ ਲੱਗ ਪੇ ਲੋਹੜੀ ਤਾਂ, ਥੋਨੂੰ ਨੀ ਪਤਾ?*

*ਪ੍ਰੀਤਮ :(ਜੈਗ ਦੀ ਗੱਲ ਟੁੱਕਦੀ ਹੋਈ) ਤੂੰ ਪਾਰਟੀ ਦੀਆਂ ਗੱਲਾਂ ਕਰਦੈਂ?ਸੰਧੂਆਂ ਨੇ ਤਾਂ ਪੂਰੀ ਲੋਹੜੀ ਬਾਲੀ ਐ, ਆਵਦੇ ਫਾਰਮ ਚ, ਪਾਥੀਆਂ ਨਾਲ, ਗੁੜ ਵੰਡਿਆ, ਤਿਲ ਸੁੱਟੇ ਅੱਗ ਚ, ਸਾਰਾ ਸਰੀਕਾ ਬੁਲਾਇਆ। ਇੰਡੀਆ ਤਾਂ ਲੋਕ ਰਵਾਜ ਛੱਡਦੇ ਜਾਂਦੇ ਐ, ਐਥੇ ਫੇਰ ਸਾਰੇ ਕਰਨ ਲੱਗ ਪੇ।*[12]

ਮਨਬਚਨੀ ਇੱਕ ਅਜਿਹੀ ਸੰਚਾਰ ਜੁਗਤ ਹੈ ਜੋ ਪਾਤਰ ਦੇ ਅੰਤਰ ਮਨ ਨੂੰ ਸਮਝਣ ਵਿੱਚ ਸਹਾਈ ਹੁੰਦੀ ਹੈ। "ਮਨਬਚਨੀ ਜਾਂ ਆਤਮਕਥਨੀ ਵੀ ਵਾਰਤਾਲਾਪ ਵਿੱਚ ਹੀ ਆਉਂਦੀ ਹੈ। ਮਨਬਚਨੀ ਜਾਂ ਆਤਮਕਥਨੀ ਵਿੱਚ ਪਾਤਰ ਆਪਣੇ ਆਪ ਨਾਲ ਗੱਲਾਂ ਕਰਦਾ ਹੈ ਜਾਂ ਆਪਣੇ ਦੱਬੇ ਭਾਵਾਂ ਨੂੰ ਪ੍ਰਗਟਾਉਂਦਾ ਹੈ।ਇਸ ਵਿੱਚ ਸ਼ਬਦ ਦੀ ਡੂੰਘਿਆਈ ਹੁੰਦੀ ਹੈ"।13 ਅਜਮੇਰ ਰੋਡੇ ਨੇ ਤੋਸ਼ੀ ਅਤੇ ਹੈਰੀ ਦੇ ਅੰਤਰਮਨ ਨੂੰ ਸਮਝਣ ਲਈ ਮਨਵਚਨੀ ਦੀ ਵਰਤੋਂ ਕੀਤੀ ਹੈ। ਪਹਿਲੇ ਅੰਕ ਦੇ ਤੀਜੇ ਦ੍ਰਿਸ਼ ਵਿੱਚ ਪੰਡਿਤ ਹੈਰੀ ਘਰ ਮੁੰਡਾ ਹੋਣ ਦੀ ਭਵਿੱਖਬਾਣੀ ਕਰਦਾ ਹੈ। ਹੈਰੀ ਖੁਸ਼ੀ ਵਿੱਚ ਪਾਗਲ ਹੋਇਆ ਆਪਣੇ ਆਪ ਨਾਲ ਗੱਲਾਂ ਕਰਦਾ ਹੈ।

*ਹੈਰੀ : ਲੜਕਾ ! ਹਰਦੇਵ ਸਿੰਘ ਦੇ ਘਰ ਲੜਕਾ (ਖੁੱਲ ਕੇ ਹੱਸਦਾ ਹੈ। ਫਿਰ ਉੱਚੀ ਆਵਾਜ਼ ਵਿੱਚ ਅਨਾਊਂਸ ਕਰਨ ਵਾਂਗ) ਸਰਦਾਰ ਹਰਦੇਵ ਸਿੰਘ ਗਿੱਲ ਜੱਗੋਵਾਲੀਏ ਦੇ ਘਰ ਲੜਕਾ ਜਨਮ ਲੈ ਰਿਹਾ ਹੈ... (ਫਿਰ ਨਸ਼ੇ ਵਿੱਚ ਇਕੱਲਾ ਉੱਚੀ ਉੱਚੀ ਹੱਸਦਾ ਹੈ)*[14]

ਰੌਸ਼ਨੀ ਵਿਉਂਤਕਾਰੀ ਇੱਕ ਹੋਰ ਮਹੱਤਵਪੂਰਨ ਨਾਟ ਜੁਗਤ ਹੈ। ਰੌਸ਼ਨੀ ਦੀ ਵਰਤੋਂ ਕਿਸੇ ਇੱਕ ਪਾਤਰ ਉੱਪਰ ਵਿਸ਼ੇਸ਼ ਧਿਆਨ ਕੇਂਦਰਿਤ ਕਰਨ ਜਾਂ ਮੰਚ ਦੇ ਕਿਸੇ ਇੱਕ ਹਿੱਸੇ ਉੱਤੇ ਰੌਸ਼ਨੀ ਪਾਉਣ ਲਈ ਕੀਤੀ ਜਾਂਦੀ ਹੈ। ਸਮੇਂ, ਸਥਾਨ ਤੇ ਕਾਰਜ ਦੀ ਏਕਤਾ ਨੂੰ ਦਰਸਾਉਣ ਲਈ ਵੀ ਰੋਸ਼ਨੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬੀ ਨਾਟਕਾਰ ਆਤਮਜੀਤ ਨੇ ਆਪਣੇ ਨਾਟਕ 'ਮੈਂ ਤਾਂ ਇੱਕ ਸਾਰੰਗੀ ਹਾਂ' ਵਿੱਚ ਰੋਸ਼ਨੀ ਦੀ ਜੁਗਤ ਦੀ ਵਰਤੋਂ ਨਾਟ ਵਸਤੂ ਦੇ ਵਿਭਿੰਨ ਪਸਾਰਾਂ ਨੂੰ ਉਜਾਗਰ ਕਰਨ ਲਈ ਕੀਤੀ ਹੈ। ਅਜਮੇਰ ਰੋਡੇ ਨੇ ਇਸ ਨਾਟਕ ਵਿੱਚ ਰੋਸ਼ਨੀ ਦੀ ਵਰਤੋਂ ਦ੍ਰਿਸ਼ ਬਦਲੀ ਲਈ ਕੀਤੀ ਹੈ।ਨਾਟਕ ਦੇ ਤਿੰਨੇ ਅੰਕਾਂ ਦੀ ਦ੍ਰਿਸ਼ ਬਦਲੀ ਸਮੇਂ ਝਾਕੀ ਦੇ ਆਰੰਭ ਹੋਣ ਤੇ ਰੋਸ਼ਨੀ ਤੇਜ਼ ਹੁੰਦੀ ਹੈ ਤੇ ਜਦੋਂ ਝਾਕੀ ਸਮਾਪਤ ਹੋ ਜਾਂਦੀ ਹੈ ਤਾਂ ਰੌਸ਼ਨੀ ਮੱਧਮ ਹੋ ਜਾਂਦੀ ਹੈ।

*ਹਾਸ ਰਸ ਦੀ ਜੁਗਤ "ਹਾਸ ਰਸ ਦਾ ਜ਼ਿੰਦਗੀ ਵਿੱਚ ਬਹੁਤ ਮਹੱਤਵ ਹੈ ਸਾਡੀਆਂ ਪੰਜਾਬੀ ਫਿਲਮਾਂ ਜਾਂ ਨਾਟਕਾਂ ਵਿੱਚ ਅਕਸਰ ਦਰਸ਼ਕਾਂ ਨੂੰ ਦੋਹਰੇ ਅਰਥਾਂ ਵਾਲੇ ਸੰਬੰਧਾਂ ਨਾਲ ਹਸਾਇਆ ਜਾਂਦਾ ਹੈ। ਜਾਂ ਫਿਰ ਅਣਯਥਾਰਥਿਕ ਭੰਡਪੁਣੇ ਦੀ ਮਦਦ ਲਈ ਜਾਂਦੀ ਹੈ। ਅਜਮੇਰ ਬਚਿਆ ਹੈ ਇਸ ਘਾਟ ਤੋਂ, ਡਰਾਮੇ ਦੇ ਕਿਰਦਾਰਾਂ ਨੇ ਹਾਸੇ ਵਾਲੇ ਸੁਭਾਵਕ ਤੇ ਯਥਾਰਥਕ ਸੰਵਾਦਾਂ ਨਾਲ ਹੀ ਦਰਸ਼ਕਾਂ ਨੂੰ ਹਸਾਇਆ ਹੈ।*[15]

ਅਜਮੇਰ ਰੋਡੇ ਨੇ ਪਾਤਰਾਂ ਦੀ ਸੁਭਾਵਿਕ ਪੇਸ਼ਕਾਰੀ ਕੀਤੀ ਹੈ। ਇਸ ਨਾਟਕ ਵਿੱਚ ਛੋਟੀ ਬੱਚੀ ਰੂਪੀ ਦੀਆਂ ਸ਼ਰਾਰਤਾਂ ਦਰਸ਼ਕਾਂ ਦੇ ਚਿਹਰੇ ਤੇ ਮੁਸਕਰਾਹਟ ਲਿਆਉਂਦੀਆਂ ਹਨ।ਪਹਿਲੇ ਅੰਕ ਦੇ ਤੀਜੇ ਦ੍ਰਿਸ਼ ਵਿੱਚ ਪੰਡਿਤ ਹੱਥ ਧੋਣ ਲਈ ਵਾਸ਼ਰੂਮ ਜਾਂਦਾ ਹੈ ਉਧਰੋਂ ਫਲਾਈਟ ਮਿਸ ਹੋਣ ਕਰਕੇ ਸ਼ੰਮੀ ਤੇ ਸੋਫੀ ਘਰ ਵਾਪਸ ਆ ਜਾਂਦੀਆਂ ਹਨ ਤਾਂ ਹੈਰੀ ਘਬਰਾਹਟ ਵਿੱਚ ਪੰਡਿਤ ਨੂੰ ਵਾਸ਼ਰੂਮ ਵਿੱਚ ਬੰਦ ਕਰ ਦਿੰਦਾ ਹੈ, ਇਹ ਦ੍ਰਿਸ਼ ਦਰਸ਼ਕਾਂ ਨੂੰ ਖੂਬ ਹਸਾਉਂਦਾ ਹੈ।

ਭਾਸ਼ਾ ਜੁਗਤ ਸ਼ਕਤੀਸ਼ਾਲੀ ਸੰਚਾਰ ਮਾਧਿਅਮ ਹੈ ਅਤੇ ਨਾਟਕ ਵਿੱਚ ਭਾਸ਼ਾ ਦਾ ਅਹਿਮ ਸਥਾਨ ਹੁੰਦਾ ਹੈ। ਯਥਾਰਥਵਾਦੀ ਨਾਟਕਾਂ ਵਿੱਚ ਭਾਸ਼ਾ ਨਾਟ ਵਸਤੂ ਦੇ ਸੰਚਾਰ ਦਾ ਮੁੱਖ ਸਾਧਨ ਹੁੰਦੀ ਹੈ। ਨਾਟਕਕਾਰ ਵਿਸ਼ੇ ਦੀ ਯਥਾਰਥਿਕ ਪੇਸ਼ਕਾਰੀ ਲਈ ਪਾਤਰਾਂ ਦੇ ਅਨੁਕੂਲ ਭਾਸ਼ਾ ਦੀ ਵਰਤੋਂ ਕਰਦਾ ਹੈ। ਪੰਜਾਬੀ ਨਾਟਕਕਾਰ ਅਜਮੇਰ ਸਿੰਘ ਔਲਖ ਤੇ ਚਰਨਦਾਸ ਸਿੱਧੂ ਨੇ ਆਪਣੇ ਨਾਟਕਾਂ ਵਿੱਚ ਆਂਚਲਿਕ ਭਾਸ਼ਾ ਦੀ ਵਰਤੋਂ ਨੂੰ ਸ਼ਕਤੀਸ਼ਾਲੀ ਜੁਗਤ ਵਜੋਂ ਵਰਤਿਆ ਹੈ। ਨਿਰਲੱਜ ਨਾਟਕ ਦੀ ਭਾਸ਼ਾ ਦੀ ਗੱਲ ਕਰੀਏ ਤਾਂ ਭਾਸ਼ਾ ਯਥਾਰਥਿਕ ਤੇ ਪਾਤਰਾਂ ਦੇ ਅਨੁਕੂਲ ਹੈ। ਅਜਮੇਰ ਰੋਡੇ ਨੇ ਇਸ ਨਾਟਕ ਵਿੱਚ ਪਾਤਰਾਂ ਦੇ ਲਿੰਗ, ਉਮਰ, ਕਿੱਤੇ ਅਨੁਸਾਰ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਨਿਰਲੱਜ ਨਾਟਕ ਦਾ ਕਾਰਜ ਸਥਾਨ ਇਕੋ ਹੀ ਰਹਿੰਦਾ ਹੈ ਸਾਰੇ ਪਾਤਰ ਪੰਜਾਬੀ ਹਨ ਅਤੇ ਆਪਣੇ ਲਿੰਗ, ਉਮਰ, ਕਿੱਤੇ ਦੇ ਅਨੁਸਾਰ ਭਾਸ਼ਾਈ ਮੁਹਾਵਰੇ ਦੀ ਵਰਤੋਂ ਕਰਦੇ ਹਨ। ਜਿਵੇਂ ਸੀਬੋ ਧਾਰਮਿਕ ਔਰਤ ਹੈ ਉਹ ਉਸੇ ਤਰ੍ਹਾਂ ਦੀ ਭਾਸ਼ਾ ਵਰਤਦੀ ਹੈ, ਰੂਪੀ ਬੱਚਿਆਂ ਵਾਲੀ ਭਾਸ਼ਾ ਵਿੱਚ ਭੂਆ ਜੀ ਨੂੰ 'ਭੂ ਜੀ' ਕਹਿੰਦੀ ਹੈ, ਇਸੇ ਤਰ੍ਹਾਂ ਪੰਡਿਤ ਆਪਣੇ ਕਿੱਤੇ ਅਨੁਸਾਰ ਰਲੀ-ਮਿਲੀ ਹਿੰਦੀ ਪੰਜਾਬੀ ਭਾਸ਼ਾ ਦੀ ਵਰਤੋਂ ਕਰਦਾ ਹੈ। ਸ਼ੰਮੀ ਸ਼ੋਸ਼ਲ ਐਕਟੀਵਿਸਟ ਹੈ ਉਹ ਅੰਗਰੇਜ਼ੀ ਦੇ ਸ਼ਬਦਾਂ ਦੀ ਵਰਤੋਂ ਕਰਦੀ ਹੈ।ਇਸਤੋਂ ਇਲਾਵਾ ਨਾਟਕ ਵਿੱਚ ਅਖਾਣ ਤੇ ਮੁਹਾਵਰਿਆਂ ਦੀ ਵਰਤੋਂ ਬੜੇ ਸੋਹਣੇ ਢੰਗ ਨਾਲ ਕੀਤੀ ਹੈ ਜਿਵੇਂ ਜੈਗ ਦਾ ਪਾਤਰ ਹੈ ਉਹ ਆਪਣੇ ਉਚਾਰ ਵਿੱਚ ਅਖਾਣ ਮੁਹਾਵਰਿਆਂ ਦੀ ਵਰਤੋਂ ਕਰਦਾ ਹੈ।

ਸਟੇਜ ਸੈਟਿੰਗ ਭਾਸ਼ਾ ਅਤੇ ਵਾਰਤਾਲਾਪ ਦੀ ਤਰਾਂ ਸਟੇਜ ਸੈਟਿੰਗ ਵੀ ਨਾਟਕ ਦੇ ਪ੍ਰਦਰਸ਼ਨੀ ਪੱਖ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਪੰਜਾਬੀ ਥਿਏਟਰ ਵਿੱਚ ਸਟੇਜ ਸੈਟਿੰਗ ਸਬੰਧੀ ਦੋ ਤਰ੍ਹਾਂ ਦੀਆਂ ਰਾਵਾਂ ਮੌਜੂਦ ਹਨ। ਪਹਿਲੀ ਅਨੁਸਾਰ ਸਟੇਜ ਸੈਟਿੰਗ ਦੀ ਕੋਈ ਮਹੱਤਤਾ ਨਹੀਂ ਇਸ ਦਾ ਨਾਟਕ ਦੀ ਪੇਸ਼ਕਾਰੀ ਉਪਰ ਕੋਈ ਪ੍ਰਭਾਵ ਨਹੀਂ ਪੈਂਦਾ। ਦੂਸਰੀ ਧਾਰਨਾ ਅਨੁਸਾਰ ਸਟੇਜ ਸੈਟਿੰਗ ਦੀ ਬਹੁਤ ਮਹੱਤਤਾ ਹੈ, ਇਸ ਲਈ ਸਟੇਜ ਸੈਟਿੰਗ ਉੱਪਰ ਬਹੁਤ ਪੈਸਾ ਖਰਚ ਕੀਤਾ ਜਾਂਦਾ ਹੈ। ਨਿਰਲੱਜ ਨਾਟਕ ਦੀ ਸਟੇਜ ਸੈਟਿੰਗ ਉਪਰੋਕਤ ਧਾਰਨਾਵਾਂ ਤੋਂ ਅਲੱਗ ਹੈ। ਇਸ ਨਾਟਕ ਦੀ ਮੰਚ ਜੜਤ ਨਾਟਕ ਦੇ ਵਾਤਾਵਰਨ ਦੇ ਅਨੁਕੂਲ ਅਤੇ ਬੇਲੋੜੇ ਖਰਚ ਤੋਂ ਦੂਰ ਹੈ। ਨਾਟਕ ਦੀ ਸਟੇਜ ਸੈਟਿੰਗ ਸਧਾਰਨ ਪੰਜਾਬੀ ਪਰਿਵਾਰ ਦੇ ਲਿਵਿੰਗ ਰੂਮ ਦੀ ਹੈ। ਨਾਟਕ ਵਿੱਚ ਕੋਈ ਵੀ ਸਮੱਗਰੀ ਜਾਂ ਦ੍ਰਿਸ਼ ਅਜਿਹਾ ਨਹੀਂ ਜਿਸਨੂੰ ਮੰਚ ਉਪਰ ਪੇਸ਼ ਨਾ ਕੀਤਾ ਜਾ ਸਕੇ। ਇਸ ਨਾਟਕ ਦੀ ਮੰਚੀ ਸਾਰਥਿਕਤਾ ਦੀ ਗੱਲ ਕਰੀਏ ਤਾਂ ਪਵਨਜੀਤ ਸਿੰਘ ਹੁਰਾਂ ਦੇ ਸ਼ਬਦ ਬਹੁਤ ਮਹੱਤਵਪੂਰਨ ਹਨ,

*"ਜਿੱਥੇ ਇਹ ਡਰਾਮਾ ਇਸ ਵਿਸ਼ੇ ਬਾਰੇ ਬਹਿਸ ਚਲਾਉਣ ਦੇ ਉਪਰਾਲੇ 'ਚ ਕਾਮਯਾਬ ਰਿਹਾ ਹੈ, ਉੱਥੇ ਲੋੜ ਹੈ ਇਸ ਵਿਸ਼ੇ ਤੇ ਹੋਰ ਡਰਾਮੇ ਖੇਡੇ ਜਾਣ ਦੀ ਤੇ ਵੀਡੀਓ ਕੈਸਟਾਂ ਵੀ ਮਾਰਕੀਟ 'ਚ ਲਿਆਉਣ ਦੀ। ਨਾਟਕ ਖੇਡਣ ਤੋਂ ਬਾਅਦ ਬਾਹਰ ਸਾਰੇ ਦਰਸ਼ਕ ਖੜ੍ਹੇ ਡਰਾਮੇ ਦੀ ਸਫਲਤਾ ਬਾਰੇ ਆਪਣੇ ਆਪਣੇ ਵਿਚਾਰ ਤੇ ਅਜਮੇਰ ਰੋਡੇ ਨੂੰ ਵਧਾਈਆਂ ਦੇ ਰਹੇ ਸਨ ਤਾਂ ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਨੇ ਰੋਡੇ ਪਰਿਵਾਰ ਦੀ ਸਿਫਤ ਕਰਦਿਆਂ ਕਿਹਾ, "ਮੈਂ ਤੁਹਾਡੇ ਪਰਿਵਾਰ ਦੀ ਬਹੁਤ ਇੱਜ਼ਤ ਕਰਦਾ ਹਾਂ, ਬਹੁਤ ਦੇਣ ਹੈ ਤੁਹਾਡੀ ਪੰਜਾਬੀ ਸੱਭਿਆਚਾਰ ਨੂੰ"।* [16]

ਇਸ ਨਾਟਕ ਦੀ ਪਹਿਲੀ ਸਫ਼ਲ ਪੇਸ਼ਕਾਰੀ ਅਜਮੇਰ ਰੋਡੇ ਦੀ ਨਿਰਦੇਸ਼ਨਾ ਹੇਠ ਸਰੀ ਆਰਟਿਸਟ ਸੈਂਟਰ, ਸਰੀ, ਬ੍ਰਿਟਿਸ਼ ਕੋਲੋਬੀਆ, ਕੈਨੇਡਾ ਵਿੱਚ 21 ਅਗਸਤ 1994 ਨੂੰ ਹੋਇਆ ਹੋਈ ਤੇ ਇਸ ਤੋਂ ਪਿੱਛੋਂ ਭੁਪਿੰਦਰ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਕੈਨੇਡਾ ਵਿੱਚ ਨਾਟਕ ਕਈ ਥਾਵਾਂ ਤੇ ਸਫਲਤਾ ਸਹਿਤ ਪੇਸ਼ ਕੀਤਾ ਗਿਆ।

ਸੋ ਉਪਰੋਕਤ ਵਿਚਾਰ ਚਰਚਾ ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਜਮੇਰ ਰੋਡੇ ਨੇ ਲਿੰਗ ਚੋਣ ਵਿਸ਼ੇ ਨਾਲ ਸੰਬੰਧਿਤ ਸ਼ਲਾਘਾਯੋਗ ਨਾਟਕ ਦੀ ਰਚਨਾ ਕੀਤੀ ਹੈ। ਪੱਛਮੀ ਮੁਲਕਾਂ ਵਿੱਚ ਵਸੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਪੇਸ਼ ਕਰਨ ਅਤੇ ਉਹਨਾਂ ਦੀ ਚੇਤਨਾ ਨੂੰ ਹਲੂਣਾ ਦੇਣ ਵਿੱਚ ਇਸ ਨਾਟਕ ਦੀ ਅਹਿਮ ਭੂਮਿਕਾ ਹੈ। ਨਾਟਕ ਦੇ ਗੁੰਦਵੇਂ ਕਥਾਨਕ, ਪਾਤਰਾਂ ਦੀ ਅਦਾਕਾਰੀ, ਚੁਸਤ ਵਾਰਤਾਲਾਪ ਅਤੇ ਵਿਅੰਗ ਨੇ ਇਸ ਦੀਆਂ ਮੰਚਣ ਪੇਸ਼ਕਾਰੀਆਂ ਨੂੰ ਪ੍ਰਭਾਵਸ਼ਾਲੀ ਬਣਾਇਆ ਹੈ। ਕਿਹਾ ਜਾ ਸਕਦਾ ਹੈ ਕਿ ਅਜਮੇਰ ਰੋਡੇ ਨੇ ਕੈਨੇਡਾ ਰਹਿੰਦਿਆਂ ਪੰਜਾਬੀ ਲੋਕਾਂ ਦੀਆਂ ਸਮਾਜਿਕ ਕਮੀਆਂ ਨੂੰ ਨਾਟਕ ਦੇ ਜ਼ਰੀਏ ਪੇਸ਼ ਕਰਨ ਦਾ ਸਫ਼ਲ ਉਪਰਾਲਾ ਕੀਤਾ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਸੈਣੀ, ਜਸਵਿੰਦਰ ਸਿੰਘ (ਮੁੱਖ ਸੰਪਾ.), ਡਾ. ਸਤੀਸ਼ ਕੁਮਾਰ ਵਰਮਾ, ਡਾ. ਉਮਾ ਸੇਠੀ(ਸੰਪਾ), ਨਾਟ ਸਿਧਾਂਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2017, ਪੰਨਾ: 50*
2. *ਡਾ.ਰਵਿੰਦਰ ਸਿੰਘ, ਨਿਰਲੱਜ (ਪੰਜਾਬੀ ਸਮਾਜ ਅਤੇ ਭਰੂਣ ਹੱਤਿਆ ਦਾ ਮਸਲਾ), ਨਿਰਲੱਜ, ਮਦਾਨ ਪਬਲਿਸ਼ਿੰਗ ਹਾਊਸ, ਪਟਿਆਲਾ, 2022, ਪੰਨਾ: 110*
3. *ਸੈਣੀ, ਜਸਵਿੰਦਰ ਸਿੰਘ (ਮੁੱਖ ਸੰਪਾ.) ਡਾ.ਸਤੀਸ਼ ਕੁਮਾਰ ਵਰਮਾ, ਡਾ .ਉਮਾ ਸੇਠੀ(ਸੰਪਾ), ਨਾਟ ਸਿਧਾਂਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2017, ਪੰਨਾ: 61*
4. *ਰੋਡੇ, ਅਜਮੇਰ, ਨਿਰਲੱਜ, ਮਦਾਨ ਪਬਲਿਸ਼ਿੰਗ ਹਾਊਸ, ਪਟਿਆਲਾ, ਪੰਨਾ: 17*
5. *-ਉਹੀ-, ਪੰਨਾ: 26*
6. *ਸੈਣੀ, ਜਸਵਿੰਦਰ ਸਿੰਘ (ਮੁੱਖ ਸੰਪਾ.), ਡਾ. ਸਤੀਸ਼ ਕੁਮਾਰ ਵਰਮਾ, ਡਾ. ਉਮਾ ਸੇਠੀ(ਸੰਪਾ), ਨਾਟ ਸਿਧਾਂਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2017, ਪੰਨਾ: 63*
7. *ਰੋਡੇ, ਅਜਮੇਰ, ਨਿਰਲੱਜ, ਮਦਾਨ ਪਬਲਿਸ਼ਿੰਗ ਹਾਊਸ, ਪਟਿਆਲਾ, ਪੰਨਾ: 32*
8. *-ਉਹੀ-, ਪੰਨਾ: 68*
9. *-ਉਹੀ-, ਪੰਨਾ: 71*
10. *-ਉਹੀ-, ਪੰਨਾ: 50*
11. *-ਉਹੀ-, ਪੰਨਾ: 87*
12. *-ਉਹੀ-, ਪੰਨਾ: 69*
13. *ਫੁੱਲ, ਗੁਰਦਿਆਲ ਸਿੰਘ, ਪੰਜਾਬੀ ਨਾਟਕ ਸਰੂਪ ਸਿਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1998, ਪੰਨਾ: 91*
14. *ਰੋਡੇ, ਅਜਮੇਰ, ਨਿਰਲੱਜ, ਮਦਾਨ ਪਬਲਿਸ਼ਿੰਗ ਹਾਊਸ, ਪਟਿਆਲਾ, ਪੰਨਾ: 43*
15. *ਪਵਨਜੀਤ ਸਿੰਘ, ਨਿਰਲਜ: ਇੱਕ ਸਫਲ ਨਾਟਕ, ਨਿਰਲੱਜ, ਮਦਾਨ ਪਬਲਿਸ਼ਿੰਗ ਹਾਊਸ, ਪਟਿਆਲਾ, ਪੰਨਾ: 119*
16. *-ਉਹੀ-, ਪੰਨਾ: 120*



## *Cite this Article-*

*ਅੰਮ੍ਰਿਤਪਾਲ ਕੌਰ (Amritpal Kaur), ਅਜਮੇਰ ਰੋਡੇ ਰਚਿਤ ਨਾਟਕ 'ਨਿਰਲੱਜ' ਦੀਆਂ ਨਾਟਕੀ ਸੰਚਾਰ ਜੁਗਤਾਂ ਦਾ ਅਧਿਐਨ (Ajmer Rode Rachit Natak 'Nirlaj' Dian Natki Sanchar Jugtan Da Adhiyain), ਅਰਮਾਨ (ARMAAN), ISSN: 2583-9446 (O), Volume 3, Issue 4, October-December 2025, Page: 84-88.*

*Journal URL:* www.armaan.org.in

*DOI:* https://doi.org/10.64119/armaan.vol.3.issue4.16



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/